**Lang. Code : 15**

इस पुस्तिका में **20** पृष्ठ हैं ।
This booklet contains **20** pages.

# AAT-20-II

**प्रश्न-पत्र II / PAPER II**
**पंजाबी भाषा परिशिष्ट**
**Punjabi Language Supplement**
**भाग IV & V / PART IV & V**

**परीक्षा पुस्तिका संकेत**
**Test Booklet Code**

**M**

**परीक्षा पुस्तिका संख्या**
**Test Booklet No.**

**इस परीक्षा पुस्तिका को तब तक न खोलें जब तक कहा न जाए ।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 19 व 20)पर दिए निर्देशों को ध्यान से पढ़ें ।**
**Read carefully the Instructions on the Back Cover (Page 19 & 20) of this Test Booklet.**

**पंजाबी में निर्देशों के लिए इस पुस्तिका का पृष्ठ 2 देखें । / For instructions in Punjabi see Page 2 of this Booklet.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें ।
5. इस भाषा पुस्तिका का **संकेत** है **M** । यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है । अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ट प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए ।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा I (भाग-IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page / marking responses in the Answer Sheet.
5. The CODE for this Language Booklet is **M**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part -V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ______________________
Name of the Candidate (in Capitals) :

अनुक्रमांक : (अंकों में) ______________________
Roll Number : in figures
: (शब्दों में) ______________________
: in words

परीक्षा केन्द्र (बड़े अक्षरों में) : ______________________
Centre of Examination (in Capitals) :

परीक्षार्थी के हस्ताक्षर : ______________ निरीक्षक के हस्ताक्षर : ______________
Candidate's Signature : Invigilator's Signature :

Facsimile signature stamp of
Centre Superintendent ______________________

**M**

**Lang. Code : 15**

# AAT-20-II

ਪਰੀਖਿਆ ਪੁਸਤਿਕਾ ਸੰਕੇਤ

**M**

ਇਸ ਪੁਸਤਿਕਾ ਵਿੱਚ 20 ਪੰਨੇ ਹਨ ।

## ਪੇਪਰ II
## ਪੰਜਾਬੀ ਭਾਸ਼ਾ ਪੂਰਕ
## ਭਾਗ IV & V

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**
**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (19 & 20) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ।**
**ਪਰੀਖਿਆਰਥੀਆਂ ਲਈ ਨਿਰਦੇਸ਼** :

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ **ਜਾਂ** ਤਾਂ ਭਾਗ IV (ਭਾਸ਼ਾ I) **ਜਾਂ** ਭਾਗ V (ਭਾਸ਼ਾ II) **ਪੰਜਾਬੀ** ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ **ਦੋਨਾਂ ਵਿੱਚ ਨਹੀਂ** ।
2. ਪਰੀਖਿਆਰਥੀ ਭਾਗ I ਅਤੇ ਭਾਗ II ਜਾਂ III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ-ਪੁਸਤਿਕਾ ਦਾ **ਸੰਕੇਤ** ਹੈ **M**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ **ਪੰਨਾ-2** ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ **ਦੋ** ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I – (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*
   ਭਾਗ V : ਭਾਸ਼ਾ II – (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ____________________

ਰੋਲ ਨੰਬਰ : ਅੰਕਾ ਵਿੱਚ ____________________

: ਸ਼ਬਦਾਂ ਵਿੱਚ ____________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ____________________

ਪਰੀਖਿਆਰਥੀ ਦੇ ਦਸਖ਼ਤ : ____________ ਨਿਰੀਖਿਅਕ ਦੇ ਦਸਖਤ : ____________

Facsimile signature stamp of
Centre Superintendent : ____________________

ਉਮੀਦਵਾਰ **ਭਾਗ-IV** ਦੇ ਪ੍ਰਸ਼ਨ (ਪ੍ਰ.ਨੰ. **91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ ।

Candidates should attempt the questions from **Part-IV [Q. No. 91 – 120],** if they have opted **PUNJABI** as **LANGUAGE – I** only.

# ਭਾਗ – IV
## ਭਾਸ਼ਾ – I
## ਪੰਜਾਬੀ

**ਉਮੀਦਵਾਰ ਭਾਗ-IV ਦੇ ਪ੍ਰਸ਼ਨ (ਪ੍ਰ.ਨੰ. 91-120) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਭਾਸ਼ਾ-I ਚੋਣ ਕੀਤੀ ਹੈ ।**

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. 91 ਤੋਂ 99) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

'ਘੋੜੀ' ਇਕ ਕਾਵਿ–ਰੂਪ ਵੀ ਹੈ ਅਤੇ ਇਕ ਰਸਮ ਵੀ । 'ਘੋੜੀ' ਦੀ ਰਸਮ ਅਨੁਸਾਰ ਦੁਲ੍ਹਾ, ਲਾੜਾ ਘੋੜੀ ਉੱਤੇ ਸਵਾਰ ਹੋ ਕੇ ਵਿਆਹ ਵਾਲੇ ਘਰ ਵੱਲ ਜਾਂਦਾ ਹੈ । ਬਹੁਤ ਸਾਰੇ ਸਮਾਜਿਕ ਸਮੂਹ ਘੋੜੀ ਦੀ ਰਸਮ ਬਰਾਤ ਚੜ੍ਹਨ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਕਰ ਲੈਂਦੇ ਹਨ । ਪਰ ਲਾੜਾ ਘੋੜੀ 'ਤੇ ਸਵਾਰ ਹੋ ਕੇ ਲਾੜੀ ਤੋਂ ਬਿਨਾਂ ਘਰ ਵਿੱਚ ਪ੍ਰਵੇਸ਼ ਨਹੀਂ ਕਰਦਾ । ਕਿਸੇ ਦੂਸਰੇ ਨਜ਼ਦੀਕੀ ਦੇ ਘਰ ਰਾਤ ਗੁਜ਼ਾਰਦਾ ਹੈ । ਇਹ ਰਸਮ ਇਕ ਪ੍ਰਤੀਕ ਹੈ । 'ਸੁਹਾਗ' ਅਤੇ 'ਘੋੜੀ' ਲੋਕ–ਗੀਤਾਂ ਦਾ ਤੁਲਨਾਤਮਕ ਅਧਿਐਨ ਇਹ ਸਾਬਤ ਕਰ ਦਿੰਦਾ ਹੈ ਕਿ 'ਸੁਹਾਗ' ਗੀਤਾਂ ਵਿੱਚ ਧੀ ਵਾਲੀ ਧਿਰ ਦੇ ਧਰਮੀ ਕਾਰਜ ਦੀ ਮਹਿਮਾ ਹੁੰਦੀ ਹੈ । ਧੀ ਵੱਲੋਂ ਕਨ੍ਹੱਈਆ ਵਰ ਦੀ ਲੋਚਾ ਦਾ ਪ੍ਰਗਟਾਵਾ ਹੁੰਦਾ ਹੈ ਤੇ ਕਿਸੇ ਚੰਗੇ ਰੱਜਦੇ–ਪੁੱਜਦੇ ਤੇ ਸਮਾਜਿਕ ਪੱਖ ਤੋਂ ਇੱਜ਼ਤ–ਆਬਰੂ ਵਾਲੇ ਘਰ ਦੀ ਤਲਾਸ਼ ਕਰਨ ਲਈ ਅਰਜ਼ੋਈ ਹੁੰਦੀ ਹੈ । ਜਦੋਂ ਕਿ 'ਘੋੜੀ' ਕਾਵਿ–ਰੂਪ ਦੁਲ੍ਹੇ ਲਾੜੇ ਦੀ ਸਰੀਰਕ ਦਿੱਖ, ਉਸਦੇ ਬਸਤਰ, ਉਸਦੇ ਪਰਿਵਾਰ ਦੀ ਖ਼ੁਸ਼ਹਾਲੀ, ਉਸਦੇ ਖ਼ਾਨਦਾਨ ਦੀ ਸ਼ਾਨੋ–ਸ਼ੌਕਤ ਅਤੇ ਸੋਹਣੀ ਬੰਨੋ ਵਿਆਹ ਲਿਆਉਣ ਦੇ ਰੂਪ ਵਿੱਚ ਜਿੱਤ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ । ਮਰਦ ਪ੍ਰਧਾਨ ਸਮਾਜਿਕ ਢਾਂਚੇ ਵੱਚ ਜੋ ਭਾਵ ਧੀ ਲਈ ਪ੍ਰਗਟ ਹੁੰਦੇ ਹਨ, ਉਹ ਹੀ 'ਸੁਹਾਗ' ਵਿੱਚ ਪ੍ਰਗਟ ਹੋਏ ਮਿਲਦੇ ਹਨ ਤੇ ਜਿਹੜੀ ਭਾਵਨਾ 'ਪੁੱਤਰ' ਲਈ ਬਣੀ ਹੋਈ ਹੈ ਲਗਭਗ ਉਸੇ ਸੁਰ ਵਿੱਚ 'ਘੋੜੀ' ਦੇ ਬੋਲ ਉਚਾਰੇ ਜਾਂਦੇ ਹਨ । ਔਰਤ–ਮਰਦ ਦੀ ਸਮਾਜਿਕ ਸਥਿਤੀ ਹੀ 'ਸੁਹਾਗ' ਅਤੇ 'ਘੋੜੀ' ਦੀ ਮੁੱਖ ਸੁਰ ਬਣ ਕੇ ਉਭਰਦੀ ਹੈ ।

**91. 'ਸੁਹਾਗ' ਕਿਸ ਵੱਲੋਂ ਗਾਏ ਜਾਂਦੇ ਹਨ ?**

(1) ਕੁੜੀ ਵਾਲਿਆਂ ਵੱਲੋਂ

(2) ਮੁੰਡੇ ਵਾਲਿਆਂ ਵੱਲੋਂ

(3) ਮੁੰਡੇ ਦੀ ਭੂਆ ਵੱਲੋਂ

(4) ਕੁੜੀ ਦੇ ਸਹੁਰਿਆਂ ਵੱਲੋਂ

**92. 'ਘੋੜੀ' ਦੇ ਗੀਤਾਂ ਵਿਚ ਕਿਸ ਦਾ ਜ਼ਿਕਰ ਹੁੰਦਾ ਹੈ ?**

(1) ਮੁੰਡੇ ਦੇ ਸਹੁਰੇ ਦਾ

(2) ਕੁੜੀ ਦੇ ਪਿਉ ਦਾ

(3) ਵਿਆਂਦੜ ਕੁੜੀ ਦਾ

(4) ਵਿਆਂਦੜ ਮੁੰਡੇ ਦਾ

93. ਪੈਰੇ ਵਿਚ 'ਬੰਨੇ' ਕਿਸ ਨੂੰ ਕਿਹਾ ਗਿਆ ਹੈ ?

(1) ਕੁੜਮਣੀ ਨੂੰ

(2) ਨਵੀ ਵਹੁਦੀ ਨੂੰ

(3) ਸਾਲੀ ਨੂੰ

(4) ਸੱਸ ਨੂੰ

94. ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :

(1) ਲਾੜਾ – ਘੋੜੀ

(2) ਕਨ੍ਹੱਈਆ – ਵਰ

(3) ਔਰਤ – ਮਰਦ

(4) ਰਸਮ – ਬਰਾਤ

95. 'ਸਮੂਹ' ਦਾ ਵਿਰੋਧੀ ਸ਼ਬਦ ਕਿਹੜਾ ਹੈ ?

(1) ਵਿਅਕਤੀ

(2) ਬਹੁਤ ਸਾਰੇ ਲੋਕ

(3) ਵਿਆਹ ਦਾ ਮੇਲ

(4) ਝੁੰਡ

96. 'ਸੁਹਾਗ' ਦਾ ਇਸਤਰੀ ਲਿੰਗ ਚੁਣੋ :

(1) ਪਰਿਵਾਰ

(2) ਲਾੜਾ

(3) ਸੁਹਾਗਣ

(4) ਦੁਲ੍ਹਾ

97. ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਕਿਹੜਾ ਹੈ ?

(1) ਔਰਤ – ਮਰਦ

(2) ਸੁਹਾਗ ਤੇ ਘੋੜੀ

(3) ਪਰਿਵਾਰਕ ਖ਼ੁਸ਼ਹਾਲੀ

(4) ਸਮਾਜਿਕ ਸਮੂਹ

98. ਲਾੜਾ ਆਪਣੇ ਸਹੁਰੇ ਘਰ ਕਿਵੇਂ ਪਹੁੰਚਦਾ ਹੈ ?

(1) ਊਠ ਉੱਪਰ ਸਵਾਰ ਹੋ ਕੇ

(2) ਘੋੜੀ ਉੱਪਰ ਸਵਾਰ ਹੋ ਕੇ

(3) ਗੱਡੀ ਉੱਪਰ ਸਵਾਰ ਹੋ ਕੇ

(4) ਖੱਚਰ ਉੱਪਰ ਸਵਾਰ ਹੋ ਕੇ

99. ਕਿਹੜੀ ਰਸਮ ਇਕ ਪ੍ਰਤੀਕ ਹੈ ?

(1) ਗੱਡੀ ਲੈ ਕੇ ਸਹੁਰੇ ਜਾਣਾ

(2) ਹਾਥੀ ਉੱਪਰ ਚੜ੍ਹ ਕੇ ਸਹੁਰੇ ਜਾਣਾ

(3) ਘੋੜੀ ਤੋਂ ਬਿਨਾਂ ਹੀ ਸਹੁਰੇ ਜਾਣਾ

(4) ਲਾੜੇ ਵੱਲੋਂ ਕਿਸੇ ਨਜ਼ਦੀਕੀ ਦੇ ਘਰ ਰਾਤ ਗੁਜ਼ਾਰਨੀ

**ਨਿਰਦੇਸ਼ : ਹੇਠਾਂ ਦਿੱਤੀ ਕਾਵਿ-ਟੁੱਕੜੀ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (100 ਤੋਂ 105) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਘਰ ਆ ਨਿਨਾਣ ਨੇ ਗੱਲ ਕੀਤੀ, ਹੀਰੇ ਇਕ ਜੋਗੀ ਨਵਾਂ ਆਇਆ ਨੀ ।
ਕੰਨੀਂ ਉਸ ਦੇ ਦਰਸ਼ਨੀ ਮੁੰਦਰਾਂ ਨੇ, ਗਲ ਹੈਂਕਲਾ ਅਜਬ ਸੁਹਾਇਆ ਨੀ ।
ਫਿਰੇ ਢੂੰਡਦਾ ਵਿਚ ਹਵੇਲੀਆਂ ਦੇ, ਕੋਈ ਉਸ ਨੇ ਲਾਲ ਗਵਾਇਆ ਨੀ ।
ਨਾਲੇ ਗਾਂਵਦਾ ਤੇ ਨਾਲੇ ਰੋਂਵਦਾ ਈ, ਵਡਾ ਉਸ ਨੇ ਰੰਗ ਮਚਾਇਆ ਨੀ ।
ਹੀਰੇ ਕਿਸੇ ਰਜਵੰਸ਼ ਦਾ ਉਹ ਪੁੱਤਰ ਰੂਪ ਤੁਧ ਥੀਂ ਦੂਣ ਸਵਾਇਆ ਨੀ ।
ਵਿੱਚ ਤ੍ਰਿਞਣਾਂ ਗਾਂਵਦਾ ਫਿਰੇ ਭੌਂਦਾ, ਅੰਤ ਉਸ ਦਾ ਕਿਸੇ ਨਾ ਪਾਇਆ ਨੀ ।
ਫਿਰੇ ਵੇਖਦਾ ਵਹੁਟੀਆਂ ਛੈਲ ਕੁੜੀਆਂ, ਮਨ ਕਿਸੇ ਤੇ ਨਹੀਂ ਭਰਮਾਇਆ ਨੀ ।
ਕਾਈ ਆਖਦੀ ਪ੍ਰੇਮ ਦੀ ਚਾਟ ਪਿੱਛੇ, ਤਾਹੀਂ ਉਸ ਨੇ ਸੀਸ ਮੁਨਾਇਆ ਨੀ ।
ਕਾਈ ਆਖਦੀ ਕਿਸੇ ਦੇ ਇਸ਼ਕ ਪਿੱਛੇ, ਬੁੰਦੇ ਲਾਹ ਕੇ ਕੰਨ ਪੜਾਇਆ ਨੀ ।
ਕਹਿਣ ਤਖ਼ਤ ਹਜ਼ਾਰੇ ਦਾ ਏਹ ਰਾਂਝਾ, ਬਾਲ ਨਾਥ ਥੋਂ ਜੋਗ ਲੈ ਆਇਆ ਨੀ ।
ਵਾਰਿਸ਼ਸ਼ਾਹ ਏਹ ਫ਼ਕਰ ਤਾਂ ਨਹੀਂ ਖ਼ਾਲੀ, ਕਿਸੇ ਕਾਰਨੇ ਤੇ ਇਹ ਆਇਆ ਨੀ ।

**100. ਜੋਗੀ ਬਾਰੇ ਕਿਸ ਨਾਲ ਗੱਲ ਹੋ ਰਹੀ ਹੈ ?**

(1) ਨਿਨਾਣ ਨਾਲ
(2) ਹੀਰ ਨਾਲ
(3) ਵਹੁਟੀਆਂ ਨਾਲ
(4) ਬਾਲ ਨਾਥ ਨਾਲ

**101. ਹੇਠ ਲਿਖਿਆਂ ਵਿਚੋਂ 'ਤ੍ਰਿੰਞਣਾਂ' ਸ਼ਬਦ ਦਾ ਅਰਥ ਚੁਣੋ :**

(1) ਚਰਖਾ ਕੱਤਦੀਆਂ ਕੁੜੀਆਂ ਦਾ ਸਮੂਹ
(2) ਬਾਰ ਰੋਕ ਕੇ ਖੜ੍ਹੀਆਂ ਸਾਲੀਆਂ
(3) ਘੋੜੀ ਦੀ ਵਾਗ ਗੁੰਦਦੀਆਂ ਭੈਣਾ
(4) ਸੁਹਾਗ ਗਾਉਣ ਵਾਲੀਆਂ ਕੁੜੀਆਂ

**102. ਉਪਰੋਕਤ ਸਤਰਾਂ ਦੇ ਕਿੱਸਾਕਾਰ ਦਾ ਨਾਂ ਦੱਸੋ :**

(1) ਸੁਰਜੀਤ ਪਾਤਰ
(2) ਅਹਿਮਦਯਾਰ
(3) ਦਮੋਦਰ
(4) ਵਾਰਿਸਸ਼ਾਹ

**103. ਉਪਰੋਕਤ ਕਾਵਿ-ਟੁੱਕੜੀ ਵਿਚ ਵਰਤੇ ਗਏ ਸ਼ਬਦ 'ਲਾਹ' ਦਾ ਵਿਰੋਧੀ ਸ਼ਬਦ ਚੁਣੋ :**

(1) ਤੋੜਨਾ
(2) ਮੋੜਨਾ
(3) ਪਾਉਣਾ
(4) ਉਤਾਰਨਾ

**104. ਉਪਰੋਕਤ ਕਾਵਿ-ਟੁੱਕੜੀ ਕਿਹੜੇ ਕਿੱਸੇ ਵਿਚੋਂ ਲਈ ਗਈ ਹੈ ?**

(1) ਸੋਹਣੀ-ਮਹੀਵਾਲ ਵਿਚੋਂ
(2) ਹੀਰ ਵਿਚੋਂ
(3) ਮਿਰਜ਼ਾ-ਸਾਹਿਬਾਂ ਵਿਚੋਂ
(4) ਸੱਸੀ-ਪੁੰਨੂ ਵਿਚੋਂ

**105. ਇਸ ਕਾਵਿ ਟੁੱਕੜੀ ਵਿਚ ਜੋਗੀ ਕਿਸ ਨੂੰ ਆਖਿਆ ਗਿਆ ਹੈ ?**

(1) ਕੈਦੋਂ ਨੂੰ
(2) ਮਿਰਜ਼ੇ ਨੂੰ
(3) ਪੁੰਨੂ ਨੂੰ
(4) ਰਾਂਝੇ ਨੂੰ

**ਨਿਰਦੇਸ਼ :** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਬਹੁਤ ਹੀ ਢੁੱਕਵੇਂ ਵਿਕਲਪਾਂ ਦੀ ਚੋਣ ਕਰਕੇ ਉੱਤਰ ਦਿਉ :

**106. ਹਰੇਕ ਭਾਸ਼ਾ ਦੀ ਆਪਣੀ ਇਕ ਵਿਆਕਰਨ ਹੈ ਅਤੇ _____ ।**

(1) ਨਿਯਮ ਦੁਆਰਾ ਸੰਚਾਲਿਤ ਹੈ ।

(2) ਰਾਜ ਦੁਆਰਾ ਸੰਚਾਲਿਤ ਹੈ ।

(3) ਕੇਂਦਰ ਦੁਆਰਾ ਸੰਚਾਲਿਤ ਹੈ ।

(4) ਲਿਪੀ ਦੁਆਰਾ ਸੰਚਾਲਿਤ ਹੈ ।

**107. ਤ੍ਰੈਭਾਸ਼ੀ ਫਾਰਮੂਲੇ ਅਨੁਸਾਰ ਤੀਜੀ ਭਾਸ਼ਾ _____**

(1) ਸਾਰੇ ਦੇਸ਼ ਵਿਚ ਇਕ ਸਮਾਨ ਹੁੰਦੀ ਹੈ ।

(2) ਸਿਰਫ਼ ਸੰਸਕ੍ਰਿਤ ਹੁੰਦੀ ਹੈ ।

(3) ਹਿੰਦੀ ਤੇ ਗੈਰ ਹਿੰਦੀ ਭਾਸ਼ੀ ਰਾਜਾਂ ਵਿਚ ਵੱਖੋ ਵੱਖਰੀ ਹੁੰਦੀ ਹੈ ।

(4) ਸਿਰਫ਼ ਕੋਈ ਵੀ ਵਿਦੇਸ਼ੀ ਭਾਸ਼ਾ ਹੁੰਦੀ ਹੈ ।

**108. ਇਕ ਅਧਿਆਪਕ 'ਬੇਟੀ ਬਚਾਓ ਤੇ ਬੇਟੀ ਪੜ੍ਹਾਓ' ਦਾ ਇਕ ਪੋਸਟਰ ਜਮਾਤ ਵਿਚ ਲਿਆ ਕੇ ਕੰਧ ਉੱਤੇ ਟੰਗ ਦਿੰਦਾ ਹੈ । ਉਹ ਵਿਦਿਆਰਥੀਆਂ ਨੂੰ ਇਸ ਨੂੰ ਧਿਆਨ ਨਾਲ ਵੇਖ ਕੇ ਇਸ ਉੱਪਰ ਇਕ ਲਘੂ ਪੈਰਾ ਲਿਖਣ ਲਈ ਕਹਿੰਦਾ ਹੈ । ਇਥੇ ਭਾਸ਼ਾ ਦੇ ਅਧਿਆਪਕ ਵੱਲੋਂ ਪੋਸਟਰ ਦੀ _____ ਵਾਂਗ ਵਰਤੋਂ ਹੋ ਰਹੀ ਹੈ ।**

(1) ਪ੍ਰਮਾਣਕ ਸਾਮੱਗਰੀ

(2) ਸੰਗਠਿਤ ਸਾਮੱਗਰੀ

(3) ਵੈਧ ਸਾਮੱਗਰੀ

(4) ਫ਼ਜ਼ੂਲ ਸਾਮੱਗਰੀ

**109. ਵਹਾਓ ਦਾ ਅਰਥ ਹੈ —**

(1) ਗ਼ਲਤੀ ਰਹਿਤ ਲਿਖਣਾ

(2) ਵਿਆਕਰਣ ਦੇ ਨੇਮਾਂ ਦੀ ਸਪਸ਼ਟ ਵਿਆਖਿਆ ਅਤੇ ਵਰਤੋਂ

(3) ਵਾਕਾਂ ਦਾ ਸ਼ੁੱਧ ਉਚਾਰਨ ਕਰਨਾ

(4) ਆਪਣੇ ਆਪ ਨੂੰ ਪ੍ਰਸੰਨਤਾ ਨਾਲ ਪ੍ਰਗਟਾਉਣ ਲਈ ਬੋਲਣਾ, ਪੜ੍ਹਨਾ ਅਤੇ ਲਿਖਣਾ

**110. ਪੜ੍ਹਨ ਦੀ ਬੋਟਮਅੱਪ ਪਹੁੰਚ ਕ੍ਰਮਵਾਰ ਜ਼ੋਰ ਦਿੰਦੀ ਹੈ :**

**a. ਧੁਨੀ ਉੱਪਰ**

**b. ਸ਼ਬਦਾਂਸ਼ ਉੱਪਰ**

**c. ਵਾਕ ਉੱਪਰ**

**d. ਸ਼ਬਦ ਉੱਪਰ**

**e. ਅੱਖਰ ਉੱਪਰ**

(1) a, d, e, b, c

(2) a, b, c, d, e

(3) a, e, b, d, c

(4) b, c, a, e, d

**111. ਹੇਠ ਲਿਖਿਆਂ ਵਿਚੋਂ ਕਿਹੜਾ ਭਾਸ਼ਾ ਗ੍ਰਹਿਣਸ਼ੀਲਤਾ ਦੇ ਸਿਧਾਂਤਾ ਦੇ ਵਿਸ਼ਵਾਸ ਉੱਪਰ ਆਧਾਰਿਤ ਹੈ ?**

(1) ਭਾਸ਼ਾ ਸਿਖਿਆਰਥੀਆਂ ਨੂੰ ਸਮਾਵੇਸ਼ੀ ਇਨਪੁੱਟ ਤੱਕ ਜਾਣ ਦੀ ਲੋੜ ਹੈ, ਜਿਵੇਂ ਕਿ ਜਟਿਲਤਾ ਦੀ ਪੱਧਰ ਤੋਂ ਥੋੜ੍ਹਾ ਜਿਹਾ ਉੱਪਰ ।

(2) ਭਾਸ਼ਾ ਉਸ ਸਮੇਂ ਸਿੱਖੀ ਜਾ ਸਕਦੀ ਹੈ, ਜਦੋਂ ਇਹ ਪਾਠਕ੍ਰਮ ਤੋਂ ਪਾਰ ਦੀ ਭਾਸ਼ਾ ਉੱਪਰ ਕੇਂਦ੍ਰਿਤ ਹੁੰਦੀ ਹੈ ।

(3) ਭਾਸ਼ਾ ਉਸ ਸਮੇਂ ਸਿੱਖੀ ਜਾ ਸਕਦੀ ਹੈ ਜਦੋਂ ਉਨ੍ਹਾਂ ਨੂੰ ਅਨੁਸਰਨ ਤੇ ਪੁਸ਼ਟੀਕਰਨ ਦਾ ਮੌਕਾ ਦਿਤਾ ਜਾਂਦਾ ਹੈ ।

(4) ਭਾਸ਼ਾ ਸਿਖਿਆਰਥੀਆਂ ਨੂੰ ਦੂਜਿਆਂ ਨਾਲ ਅਰਥ ਬਾਰੇ ਸਲਾਹ-ਮਸ਼ਵਰਾ ਕਰਨ ਦੇ ਕੁੱਝ ਮੌਕੇ ਦੇਣ ਦੀ ਲੋੜ ਹੈ ।

**112. ਪੂਰਵ-ਅਨੁਮਾਨ ਇਕ ਉਪ-ਕੌਸ਼ਲ ਵਜੋ _____ ਨਾਲ ਸੰਬੰਧਤ ਹੈ ।**

(1) ਡਰਾਫਟਿੰਗ

(2) ਸੰਖੇਪ ਕਰਨ

(3) ਨੋਟ ਬਣਾਉਣ

(4) ਪੜ੍ਹਤ

**113. ਜਦੋਂ ਵਿਦਿਆਰਥੀ ਨੌਕਰੀ ਦੇ ਚੰਗੇਰੇ ਮੌਕਿਆਂ ਲਈ ਕੋਈ ਭਾਸ਼ਾ ਸਿੱਖਦੇ ਹਨ ਤਾਂ ਇਕ ਭਾਸ਼ਾ ਨੂੰ ਸਿੱਖਣ ਦੀ ਉਨ੍ਹਾਂ ਦੀ ਪ੍ਰੇਰਣਾ ਹੁੰਦੀ ਹੈ _____**

(1) ਆਂਤਰਿਕ

(2) ਬਾਹਰੀ

(3) ਨੌਕਰੀ ਆਧਾਰਿਤ

(4) ਸਵੈ-ਕੇਂਦ੍ਰਿਤ

**114. ਇਕ ਪ੍ਰਭਾਵਸ਼ਾਲੀ ਭਾਸ਼ਾ ਜਮਾਤ ਦੀ ਸਭ ਤੋ ਵੱਧ ਮਹੱਤਵਪੂਰਨ ਵਿਸ਼ੇਸ਼ਤਾ ਹੈ ਸਿਖਿਆਰਥੀਆਂ ਨੂੰ _____ ਦਾ ਮੌਕਾ ਮਿਲਣਾ ਹੈ ।**

(1) ਆਂਕਲਣ

(2) ਅਨੁਸਰਨ

(3) ਸੰਪਰਕ

(4) ਗ਼ਲਤੀਆਂ ਘੱਟ ਕਰਨ

**115. ਇਕ ਸਮਾਵੇਸ਼ੀ ਜਮਾਤ ਵਿਚ ਪੜ੍ਹਾਉਂਦਿਆਂ ਭਾਸ਼ਾ ਦੇ ਇਕ ਅਧਿਆਪਨ ਨੂੰ ਚਾਹੀਦਾ ਹੈ ਕਿ ਉਹ –**

(1) ਹੁਸ਼ਿਆਰ ਵਿਦਿਆਰਥੀਆਂ ਨੂੰ ਕਮਜ਼ੋਰ ਵਿਦਿਆਰਥੀਆਂ ਦਾ ਧਿਆਨ ਰੱਖਣ ਲਈ ਕਹੇ ।

(2) ਵੱਖੋ-ਵੱਖਰੀਆਂ ਸਿੱਖਿਆ ਸ਼ੈਲੀਆਂ ਦੀ ਵਰਤੋਂ ਦੁਆਰਾ ਸਿੱਖਿਆ ਦੇ ਅਮਲ ਵਿਚ ਉਨ੍ਹਾਂ ਦੀ ਮਦਦ ਕਰੇ ।

(3) ਪ੍ਰਿੰਸੀਪਲ ਨੂੰ ਉਨ੍ਹਾਂ ਨਾਲ ਨਜਿੱਠਣ ਲਈ ਇਕ ਵਿਸ਼ੇਸ਼ ਅਧਿਆਪਕ ਦੀ ਸਿਫ਼ਾਰਸ਼ ਕਰੇ ।

(4) ਇਹ ਯਕੀਨੀ ਬਣਾਏ ਕਿ ਉਹ ਸਕੂਲ ਵਿਚ ਆਪਣੇ ਛੇ ਘੰਟੇ ਸ਼ਾਂਤੀ ਨਾਲ ਬਿਤਾਉਣ ।

**116. ਭਾਸ਼ਾਈ ਪ੍ਰਬੀਣਤਾ ਲਈ ਹੇਠ ਲਿਖਿਆਂ ਵਿਚੋਂ ਕਿਹੜਾ ਤੱਤ ਸਭ ਤੋਂ ਵੱਧ ਮਹੱਤਵਪੂਰਨ ਹੈ ?**

(1) ਸ਼ੁੱਧ ਉਚਾਰਨ ਨਾਲ ਪੜ੍ਹਨਾ

(2) ਪਾਠ-ਪੁਸਤਕ ਵਿਚ ਇਕ ਅਧਿਆਏ ਦੇ ਅਖ਼ੀਰ ਵਿਚ ਪਾਠਾਤਮਕ ਅਭਿਆਸ ਕਰਨੇ

(3) ਸ਼ੁੱਧਤਾ ਅਤੇ ਰਵਾਨੀ ਨੂੰ ਉੱਨਤ ਕਰਨਾ

(4) ਘੱਟ ਲਾਗਤ ਜਾਂ ਨਿਸ਼ੁਲਕ ਅਧਿਆਪਨ ਸਾਮੱਗਰੀ

**117. ਇਕ ਪ੍ਰਭਾਵਸ਼ਾਲੀ ਭਾਸ਼ਾ ਅਧਿਆਪਕ ਕੀ ਕਰਦਾ ਹੈ ?**

(1) ਅਧਿਆਪਕ ਦੀ ਗੱਲਬਾਤ ਦਾ ਸਮਾਂ ਵਧਾਉਂਦਾ ਹੈ ।

(2) ਵਿਦਿਆਰਥੀਆਂ ਦੀ ਗੱਲਬਾਤ ਦਾ ਸਮਾਂ ਵਧਾਉਂਦਾ ਹੈ ।

(3) ਵਿਦਿਆਰਥੀਆਂ ਦੀ ਗੱਲਬਾਤ ਦਾ ਸਮਾਂ ਘਟਾਉਂਦਾ ਹੈ ।

(4) ਸਮੂਹ ਅਤੇ ਜੋੜਿਆਂ ਦੇ ਕੰਮ ਨੂੰ ਘਟਾਉਂਦਾ ਹੈ ।

**118. ਪ੍ਰਿੰਟ ਸਮ੍ਰਿਧ ਵਾਤਾਵਰਣ (Print Rich Environment) _____ ਅਤੇ _____ ਦੀ ਸਿਖਲਾਈ ਦਾ ਇਕ ਅਟੁੱਟ ਹਿੱਸਾ ਹੈ ।**

(1) ਸਕੂਲ, ਜਮਾਤ

(2) ਪੜ੍ਹਨ, ਸਵੈ

(3) ਸ਼ਾਖ਼ਰਤਾ, ਭਾਸ਼ਾ

(4) ਸਵੈ, ਸਹਿਪਾਠੀ

**119. ਇਕ ਸਾਧਨ ਵਜੋਂ ਬਹੁਭਾਸ਼ਾਵਾਦ ਦਾ ਅਰਥ ਹੈ _____**

(1) ਕਈ ਭਾਸ਼ਾਵਾਂ ਦੀ ਸਿਖਲਾਈ

(2) ਬੱਚੇ ਦੀ ਭਾਸ਼ਾ ਵਿਚ ਹਰੇਕ ਸ਼ਬਦ ਦਾ ਸਮਾਨਾਰਥੀ ਹੋਣਾ

(3) ਪਾਠਕ੍ਰਮ ਤੋਂ ਪਾਰ ਜਾ ਕੇ ਭਾਸ਼ਾ ਦਾ ਅਧਿਆਪਨ

(4) ਸਿਖਿਆਰਥੀ ਦੀਆਂ ਭਾਸ਼ਾਵਾਂ ਦੀ ਇਕ ਯੋਜਨਾ ਵਜੋਂ ਵਰਤੋਂ

**120. ਤੁਹਾਡੀ ਜਮਾਤ ਵਿਚ ਅੰਕਿਤ ਇਕ ਨੇਤਰ ਹੀਣ ਵਿਦਿਆਰਥੀ ਹੈ । ਭਾਸ਼ਾ ਦੇ ਇਕ ਅਧਿਆਪਕ ਵਜੋਂ ਤੁਸੀਂ**

(1) ਅਭਿਆਸ ਲਈ ਵਰਕਸ਼ੀਟਾਂ ਦੀ ਅਨੇਕਰੂਪਤਾ ਉੱਪਰ ਜ਼ੋਰ ਦਿਉਗੇ ।

(2) ਆਪਣੇ ਅਧਿਆਪਨ ਵਿਚ ਦ੍ਰਿਸ਼ ਪੇਸ਼ਕਾਰੀ ਦੀ ਅਨੇਕਰੂਪਤਾ ਦੀ ਵਰਤੋਂ ਕਰੋਗੇ ।

(3) ਇਸ਼ਾਰਿਆਂ ਅਤੇ ਬਾੱਡੀ ਲੈਂਗੁਏਜ਼ ਦੀ ਅਨੇਕਰੂਪਤਾ ਦੀ ਵਰਤੋਂ ਕਰੋਗੇ ।

(4) ਅਲਾਪ ਅਤੇ ਵਿਰਾਮਾਂ ਦੀ ਵਰਤੋਂ ਨਾਲ ਸਪਰਸ਼ ਤੇ ਮਹਿਸੂਸ ਕਰਾਉਣ ਵਾਲੀ ਸਾਮਾਗ੍ਰੀ ਨੂੰ ਸ਼ਾਮਲ ਕਰਕੇ ਸਪਸ਼ਟ ਬੋਲੋਗੇ ।

ਉਮੀਦਵਾਰ **ਭਾਗ-V** (ਪ੍ਰ.ਨੰ. **121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ** ਨੂੰ **ਭਾਸ਼ਾ–II** ਵਜੋਂ ਚੁਣਿਆ ਹੈ ।

Candidates should attempt the questions from **Part-V [Q.No. 121 – 150],** if they have opted **PUNJABI** as **LANGUAGE – II** only.

## ਭਾਗ – V
## ਭਾਸ਼ਾ – II
## ਪੰਜਾਬੀ

**ਉਮੀਦਵਾਰ ਭਾਗ-V (ਪ੍ਰ.ਨੰ. 121-150) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਨੂੰ ਭਾਸ਼ਾ-II ਵਜੋਂ ਚੁਣਿਆ ਹੈ ।**

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (121 ਤੋਂ 128) ਦੇ ਢੁਕਵੇਂ ਉੱਤਰ ਦਿਓ :**

ਲੋਕ-ਗੀਤ ਕਦੇ ਸਥਿਰ ਨਹੀਂ ਰਹਿੰਦੇ । ਹਰ ਗਾਇਕ ਕਿਸੇ ਗੀਤ ਵਿਚ ਸੁਤੇ ਸਿਧ ਹੀ ਕੁਝ ਵਧਾਅ ਘਟਾ ਕਰ ਲੈਂਦਾ ਹੈ । ਕਈ ਵਾਰ ਪੁਰਾਣੇ ਗੀਤਾਂ ਨੂੰ ਨਵੇਂ ਵਾਤਾਵਰਣ ਤੇ ਬਦਲੀਆਂ ਪਰਸਿਥੀਆਂ ਅਨੁਕੂਲ ਨਵੇਂ ਰੂਪ ਵਿਚ ਢਾਲ ਲਿਆ ਜਾਂਦਾ ਹੈ । ਪੁਰਾਣੇ ਖੜਖੜ ਕਰਦੇ ਪੱਤੇ ਲੋਕ-ਬ੍ਰਿਛ ਨਾਲੋਂ ਆਪੇ ਢਹਿ ਪੈਂਦੇ ਹਨ ਜਾਂ ਲੋਕ-ਸੂਝ ਉਨ੍ਹਾਂ ਨੂੰ ਛਾਂਗ ਸੁਟਦੀ ਹੈ ਅਤੇ ਉਨ੍ਹਾਂ ਦੀ ਥਾਂ ਨਵੀਆਂ ਕਰੂੰਬਲਾਂ ਸੁਤੇ ਸਿਧ ਨਿਕਲ ਆਉਂਦੀਆਂ ਹਨ । ਸਿੱਟਾ ਇਹ ਨਿਕਲਦਾ ਹੈ ਕਿ ਪੁਰਾਣੇ ਲੋਕ-ਗੀਤਾਂ ਦਾ ਮੂੰਹ ਮੱਥਾ ਹੀ ਬਦਲ ਜਾਂਦਾ ਹੈ । ਹੁਣ ਇਸ ਨੂੰ ਕੋਈ ਨਵਾਂ ਗੀਤ ਆਖੇ ਕਿ ਪੁਰਾਣਾ । ਇਸੇ ਤਰ੍ਹਾਂ ਜਦੋਂ ਕੋਈ ਗਾਇਕ ਨਵੇਂ ਲੋਕ-ਗੀਤਾਂ ਦੀ ਸਿਰਜਨਾ ਕਰਦਾ ਹੈ ਤਾਂ ਉਹ ਨਾ ਕੇਵਲ ਪਰੰਪਰਾਗਤ ਰੂੜ੍ਹੀਆਂ ਦੀ ਹੀ ਵਰਤੋਂ ਕਰਦਾ ਹੈ, ਸਗੋਂ ਲੋਕ ਸ਼ਬਦਾਵਲੀ, ਰੂਪਕਾਂ, ਛੰਦ, ਬਹਿਰਾਂ ਤੇ ਸ਼ੈਲੀ ਦੁਆਰਾ ਨਵੀਂ ਰਚਨਾ ਨੂੰ ਵੀ ਅਜਿਹੇ ਰੂਪ ਵਿਚ ਢਾਲਦਾ ਹੈ ਕਿ ਨਵੇਂ ਗੀਤ ਦੀ ਨੁਹਾਰ ਵੀ ਜਾਣੀ ਪਛਾਣੀ ਲਗਦੀ ਹੈ । ਜਿਵੇਂ ਕਿਸੇ ਪੁਰਾਣੀ ਚਾਂਦੀ ਨੂੰ ਢਾਲ ਕੇ ਕਿਸੇ ਪੁਰਾਣੇ ਸੱਚੇ ਵਿਚ ਹੀ ਮੁੜ ਕੋਈ ਗਹਿਣਾ ਘੜ ਲਿਆ ਹੋਵੇ । ਨਵਾਂ ਹੁੰਦਿਆਂ ਵੀ ਇਹ ਗਹਿਣਾ ਪੁਰਾਣਾ ਹੈ ਤੇ ਪੁਰਾਣਾ ਹੁੰਦਿਆਂ ਵੀ ਨਵਾਂ । ਸੋ ਲੋਕ-ਗੀਤ ਨਾ ਨਵੇਂ ਹੁੰਦੇ ਹਨ ਤੇ ਨਾ ਹੀ ਪੁਰਾਣੇ । ਇਹ ਤਾਂ ਉਸ ਲੋਕ-ਬ੍ਰਿਛ ਦੇ ਫਲ ਹਨ ਜਿਸ ਦੀਆਂ ਜੜ੍ਹਾਂ ਪਰੰਪਰਾ ਵਿਚ ਬੜੀਆਂ ਡੂੰਘੀਆਂ ਧਸੀਆਂ ਹੋਈਆਂ ਹਨ, ਪਰ ਜਿਸ ਨੂੰ ਨਿਤ ਨਵੀਆਂ ਕਰੂੰਬਲਾਂ ਤੇ ਨਵੇਂ ਫਲ ਵੀ ਸੁਤੇ ਸਿਧ ਲਗਦੇ ਰਹਿੰਦੇ ਹਨ ।

**121. ਪੈਰੇ ਵਿਚ ਲੋਕ-ਬ੍ਰਿਛ ਦੇ ਫ਼ਲ ਕਿਸ ਨੂੰ ਕਿਹਾ ਗਿਆ ਹੈ ?**

(1) ਵਾਤਾਵਰਣ ਨੂੰ

(2) ਗਹਿਣਿਆਂ ਨੂੰ

(3) ਲੋਕ-ਗੀਤਾਂ ਨੂੰ

(4) ਕਰੂੰਬਲਾਂ ਨੂੰ

**122. ਨਵੇਂ ਗੀਤਾਂ ਵਿਚੋਂ ਕੀ ਨਜ਼ਰ ਆਉਂਦਾ ਹੈ ?**

(1) ਪੁਰਾਣੇ ਗੀਤਾ ਦੀ ਨੁਹਾਰ

(2) ਨਵੀਂਆਂ ਰੂੜੀਆਂ

(3) ਸ਼ੈਲੀ ਵਿਚ ਗੜਬੜ

(4) ਰੂਪਕਾਂ ਦੀ ਘਾਟ

**123. ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :**

(1) ਪੁਰਾਣੇ–ਖੜਖੜ

(2) ਹਰ–ਗਾਇਕ

(3) ਨਵੀਆਂ–ਕਰੂੰਬਲਾਂ

(4) ਲੋਕ–ਗੀਤ

**124. 'ਸਿਰਜਨਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :**

(1) ਪੈਦਾ ਕਰਨਾ

(2) ਖ਼ਤਮ ਕਰਨਾ

(3) ਪ੍ਰਗਟ ਕਰਨਾ

(4) ਉਜਾਗਰ ਕਰਨਾ

**125. 'ਲੋਕ–ਗੀਤ' ਕੌਣ ਗਾ ਰਿਹਾ ਹੈ ? ਵਾਕ ਪੜਨਾਂਵ ਦੀ ਕਿਹੜੀ ਕਿਸਮ ਹੈ ?**

(1) ਨਿੱਜ–ਵਾਚਕ ਪੜਨਾਂਵ

(2) ਸੰਬੰਧ–ਵਾਚਕ ਪੜਨਾਂਵ

(3) ਪ੍ਰਸ਼ਨ–ਵਾਚਕ ਪੜਨਾਂਵ

(4) ਅਨਿਸ਼ਚੇ–ਵਾਚਕ ਪੜਨਾਂਵ

**126. 'ਗਹਿਣਾ' ਸ਼ਬਦ ਦਾ ਬਹੁ–ਵਚਨ ਚੁਣੋ :**

(1) ਗਹਿਣੇ

(2) ਬਹੁਤ ਸਾਰੇ ਗਹਿਣੇ

(3) ਗਹਿਣਿਆਂ ਦਾ ਢੇਰ

(4) ਗਹਿਣਿਆਂ ਦੀ ਵੱਡੀ ਮਾਤਰਾ

**127. ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ :**

(1) ਲੋਕ–ਸ਼ਬਦਾਵਲੀ

(2) ਲੋਕ–ਗੀਤ

(3) ਲੋਕ–ਬ੍ਰਿਛ

(4) ਗਾਇਕ

**128. ਪੁਰਾਣੇ ਲੋਕ–ਗੀਤਾਂ ਦਾ ਕੀ ਬਣਦਾ ਹੈ ?**

(1) ਸਥਿਰ ਰਹਿੰਦੇ ਹਨ ।

(2) ਬਦਲ ਜਾਂਦੇ ਹਨ ।

(3) ਉਸੇ ਤਰ੍ਹਾਂ ਰਹਿੰਦੇ ਹਨ ।

(4) ਕਦੇ ਨਹੀਂ ਬਦਲਦੇ ।

**ਨਿਰਦੇਸ਼ : ਹੇਠ ਲਿਖੇ ਪੈਰੇ ਨੂੰ ਪੜ੍ਹਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (129 ਤੋਂ 135) ਦੇ ਉੱਤਰ ਢੁੱਕਵੇਂ ਵਿਕਲਪਾ ਨਾਲ ਦਿਓ :**

ਚੰਡੀਗੜ੍ਹ ਸੁੰਦਰ ਇਮਾਰਤਾਂ ਤੇ ਸੜਕਾਂ ਦਾ ਸ਼ਹਿਰ ਹੈ । ਖੁੱਲ੍ਹੀਆਂ ਚੌੜ੍ਹੀਆਂ ਸੜਕਾਂ ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਵੱਲ ਜਾਂਦੀਆਂ ਸਾਰੇ ਸ਼ਹਿਰ ਨੂੰ ਸੈਕਟਰਾਂ ਵਿੱਚ ਵੰਡਦੀਆਂ ਹਨ । ਦਫਤਰਾਂ ਦੇ ਖੁੱਲ੍ਹਣ ਅਤੇ ਛੁੱਟੀ ਹੋਣ ਵੇਲੇ ਇਹਨਾਂ ਸੜਕਾਂ ਤੇ ਲੋਕਾਂ ਦੀ ਭੀੜ ਮੇਲਿਆਂ ਦੀ ਭੀੜ ਨੂੰ ਵੀ ਮਾਤ ਪਾਉਂਦੀ ਹੈ । ਇੱਥੇ ਹਰ ਰੋਜ਼ ਸੜਕਾਂ ਉੱਤੇ ਵਧਦੀ ਆਵਾਜਾਈ ਨੂੰ ਧਿਆਨ ਵਿੱਚ ਰਖਦਿਆਂ ਸੜਕ ਤੇ ਚੱਲਣ ਦੇ ਨਿਯਮਾਂ ਦਾ ਪਾਲਣ ਕਰਨ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ । ਸੜਕਾਂ ਦੇ ਕਿਨਾਰਿਆਂ ਤੇ ਭਾਂਤ ਭਾਂਤ ਦੇ ਸ਼ਿੰਗਾਰ-ਰੁੱਖ ਕੁਦਰਤੀ ਨਜ਼ਾਰਿਆਂ ਨੂੰ ਮਾਤ ਪਾਉਂਦੇ ਹਨ । ਸਾਰਾ ਸ਼ਹਿਰ ਸੰਤਾਲੀ ਸੈਕਟਰਾਂ ਵਿੱਚ ਵੰਡਿਆ ਹੋਇਆ ਹੈ । ਇਹਨਾਂ ਸੈਕਟਰਾਂ ਵਿੱਚ ਲੱਖਾਂ ਲੋਕ ਵਸਦੇ ਹਨ । ਹਰ ਸੈਕਟਰ ਵਿੱਚ ਉੱਥੇ ਦੀ ਅਬਾਦੀ ਨੂੰ ਮੁੱਖ ਰੱਖ ਕੇ ਸਕੂਲ, ਸਿਹਤ-ਕੇਂਦਰ, ਮਨੋਰੰਜਨ-ਸਥਾਨ, ਖੇਡਾਂ ਲਈ ਮੈਦਾਨ ਤੇ ਮਾਰਕੀਟਾਂ ਬਣਾਈਆਂ ਗਈਆਂ ਹਨ । ਹਰ ਸੈਕਟਰ ਦੇ ਵਾਸੀਆਂ ਦੀਆਂ ਲੋੜਾਂ ਹਰ ਸੈਕਟਰ ਵਿੱਚੋਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ।

ਚੰਡੀਗੜ੍ਹ ਵਿਚ ਦੋ ਤਰ੍ਹਾਂ ਦੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ । ਸਰਕਾਰੀ ਤੇ ਪ੍ਰਾਈਵੇਟ । ਸਰਕਾਰੀ ਮਕਾਨਾਂ ਵਿੱਚ ਮੰਤਰੀਆਂ ਤੋਂ ਲੈ ਕੇ ਸੇਵਾਦਾਰਾਂ ਤੱਕ ਸਭ ਤਰ੍ਹਾਂ ਦੇ ਸਰਕਾਰੀ ਕਰਮਚਾਰੀ ਰਹਿੰਦੇ ਹਨ । ਪ੍ਰਾਈਵੇਟ ਮਕਾਨ ਲੋਕਾਂ ਦੇ ਆਪਣੇ ਬਣਾਏ ਹਨ । ਇਹ ਮਕਾਨ ਵੀ ਸੁੰਦਰਤਾ ਅਤੇ ਇਮਾਰਤ ਕਲਾ ਦੇ ਆਧੁਨਿਕ ਨਮੂਨੇ ਹਨ । ਚੰਡੀਗੜ੍ਹ ਇੱਕ ਪ੍ਰਸ਼ਾਸਨੀ ਕੇਂਦਰ ਹੈ । ਇੱਥੇ ਬਹੁਤੀ ਵਸੋਂ ਵਪਾਰੀਆਂ ਅਤੇ ਉਹਨਾਂ ਲੋਕਾਂ ਦੀ ਹੈ ਜੋ ਸਰਕਾਰੀ, ਅਰਧ-ਸਰਕਾਰੀ ਜਾ ਪ੍ਰਾਈਵੇਟ ਨੌਕਰੀਆਂ ਕਰਦੇ ਹਨ ।

**129. ਚੰਡੀਗੜ੍ਹ ਸ਼ਹਿਰ ਦੀ ਵੰਡ ਕਿਵੇਂ ਕੀਤੀ ਗਈ ਹੈ ?**

(1) ਸੁਸਾਇਟੀਆਂ ਵਿਚ

(2) ਸੈਕਟਰਾਂ ਵਿਚ

(3) ਮੁਹੱਲਿਆਂ ਵਿਚ

(4) ਬਲਾਕਾਂ ਵਿਚ

**130. ਚੰਡੀਗੜ੍ਹ ਦੀਆਂ ਸੜਕਾਂ ਉਪਰ ਵਧੇਰੇ ਭੀੜ ਕਦੋਂ ਹੁੰਦੀ ਹੈ ?**

(1) ਪ੍ਰਸ਼ਾਸਨਕ ਪ੍ਰੋਗ੍ਰਾਮਾ ਵਾਲੇ ਦਿਨਾਂ ਵਿਚ

(2) ਦਫ਼ਤਰਾਂ ਦੇ ਖੁੱਲ੍ਹਣ ਅਤੇ ਛੁੱਟੀ ਹੋਣ ਉੱਪਰ

(3) ਮੇਲੇ ਤਿਉਹਾਰਾਂ ਦੇ ਦਿਨਾਂ ਵਿਚ

(4) ਵਿਸ਼ੇਸ਼ ਬਾਜ਼ਾਰਾਂ ਵਾਲੇ ਦਿਨਾਂ ਵਿਚ

**131. 'ਚੰਡੀਗੜ ਸੁੰਦਰ ਇਮਾਰਤਾਂ ਦਾ ਸ਼ਹਿਰ ਹੈ' ਵਾਕ ਵਿਚ ਚੰਡੀਗੜ੍ਹ ਕੀ ਹੈ ?**

(1) ਆਮ-ਨਾਂਵ

(2) ਭਾਵ-ਵਾਚਕ ਨਾਂਵ

(3) ਖ਼ਾਸ-ਨਾਂਵ

(4) ਭਾਵ-ਵਾਚਕ ਨਾਂਵ

**132. ਹੇਠ ਲਿਖਿਆਂ ਵਿਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ ?**

(1) ਸਰਕਾਰੀ - ਕਰਮਚਾਰੀ

(2) ਅਰਧ – ਸਰਕਾਰੀ

(3) ਸਿਹਤ – ਕੇਂਦਰ

(4) ਮਨੋਰੰਜਨ – ਸਥਾਨ

**133. 'ਆਧੁਨਿਕ' ਸ਼ਬਦ ਦਾ ਵਰੋਧੀ ਸ਼ਬਦ ਚੁਣੋ :**

(1) ਨਵਾਂ

(2) ਪੁਰਾਤਨ

(3) ਅਜੋਕਾ

(4) ਮੌਜੂਦਾ

**134. ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ :**

(1) ਚੰਡੀਗੜ੍ਹ

(2) ਇਮਾਰਤ-ਕਲਾ

(3) ਪ੍ਰਸ਼ਾਸਨ

(4) ਸਰਕਾਰੀ ਕਰਮਚਾਰੀ

**135. ਚੰਡੀਗੜ੍ਹ ਵਿਚ ਕਿੰਨੀ ਪ੍ਰਕਾਰ ਦੇ ਮਕਾਨ ਹਨ ?**

(1) ਪੰਜ

(2) ਚਾਰ

(3) ਤਿੰਨ

(4) ਦੋ

**ਨਿਰਦੇਸ਼ :** ਹੇਠ ਲਿਖੇ ਪ੍ਰਸ਼ਨਾਂ ਦੇ ਬਹੁਤ ਹੀ ਢੁੱਕਵੇਂ ਵਿਕਲਪਾਂ ਦੀ ਚੋਣ ਕਰਕੇ ਉੱਤਰ ਦਿਉ :

**136. ਇਕ ਪਾਠ ਨੂੰ ਖ਼ਤਮ ਕਰਨ ਮਗਰੋਂ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਪਾਠ ਵਿਚੋਂ ਵੱਖੋ-ਵੱਖਰੀ ਕਿਸਮ ਦੇ ਨਾਂਵ, ਇਕ ਦਿੱਤੇ ਹੋਏ ਖਾਨੇ ਵਿਚ ਲਿਖਣ ਲਈ ਆਖਦਾ ਹੈ । ਇਹ ਕਿਹੜੀ ਉਦਾਹਰਣ ਹੈ ?**

(1) ਵਿਆਕਰਣ ਦੇ ਨੇਮਾਂ ਨੂੰ ਘੋਟਾ ਲਾਉਣ ਦੀ

(2) ਵਿਆਕਰਣ ਪੜ੍ਹਾਉਣ ਦੀ

(3) ਵਿਆਕਰਣ ਦੇ ਅਨੁਵਾਦ ਦੀ ਵਿਧੀ ਦੀ

(4) ਵਿਆਕਰਣ ਦੇ ਪ੍ਰਸੰਗ ਦੀ

**137. ਹੇਠ ਲਿਖਿਆਂ ਵਿਚੋਂ ਕਿਹੜਾ ਇਕ ਅਵਚੇਤਨ ਦਾ ਅਮਲ ਹੈ ਅਤੇ ਵਿਦਿਆਰਥੀ ਸੰਚਾਰ ਲਈ ਇਸ ਦੀ ਵਰਤੋਂ ਸ਼ੁਰੂ ਕਰਦੇ ਹਨ ।**

(1) ਭਾਸ਼ਾ ਸਿੱਖਿਆ

(2) ਭਾਸ਼ਾ ਪ੍ਰਾਪਤੀ

(3) ਦੂਜੀ ਭਾਸ਼ਾ

(4) ਭਾਸ਼ਾਈ ਯੋਗਤਾ

**138. ਬਤੌਰ ਅਧਿਆਪਕ ਤੁਸੀਂ ਪੜ੍ਹਨ ਵਿਚ ਵਿਦਿਆਰਥੀਆਂ ਦੀ ਰੁੱਚੀ ਕਿਵੇਂ ਵਧਾਉਗੇ ?**

(1) ਉਨ੍ਹਾਂ ਨੂੰ ਸਿਰਫ਼ ਪਾਠ-ਪੁਸਤਕ ਪੜ੍ਹਨ ਲਈ ਕਹਿਕੇ ।

(2) ਪਾਠਾਂ ਦੇ ਸਾਰ ਯਾਦ ਕਰਵਾਕੇ ।

(3) ਉਮਰ ਦੇ ਢੁੱਕਵੇਂ ਬਾਲ-ਸਾਹਿਤ ਦੀ ਵਰਤੋਂ ਕਰਕੇ ਜਿਸ ਨਾਲ ਉਨ੍ਹਾਂ ਦੀ ਰੁੱਚੀ ਵਧਦੀ ਹੈ ।

(4) ਪਾਠ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਅਨੁਵਾਦ ਕਰਕੇ ਅਤੇ ਉਨ੍ਹਾਂ ਨੂੰ ਪ੍ਰਸ਼ਨਾਂ ਦੇ ਉੱਤਰ ਯਾਦ ਕਰਨ ਲਈ ਕਹਿਕੇ ।

**139. ਹੇਠ ਲਿਖਿਆ ਵਿਚੋਂ ਕਿਹੜਾ ਵਿਦਿਆਰਥੀਆਂ ਦੇ ਭਾਸ਼ਾ-ਸਿੱਖਿਆ ਦੇ ਪੱਧਰ ਦਾ ਮੁਲਾਂਕਣ ਕਰਨ ਵਿਚ ਮੱਦਦਗਾਰ ਹੋ ਸਕਦਾ ਹੈ ?**

(1) ਬੱਚਿਆਂ ਨੂੰ ਯਾਦ ਕੀਤੀ ਕਵਿਤਾ ਨੂੰ ਇਸ਼ਾਰਿਆਂ ਨਾਲ ਸੁਣਾਉਣ ਲਈ ਕਹਿਣਾ ।

(2) ਪਾਠ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਅਨੁਵਾਦ ਕਰਨਾ ।

(3) ਉਨ੍ਹਾਂ ਨੂੰ ਆਪਣੇ ਵਿਚਾਰ ਖੁੱਲ੍ਹ ਕੇ ਸਾਂਝੇ ਕਰਨ ਅਤੇ ਆਪਣੀ ਕਲਪਨਾ ਨੂੰ ਪ੍ਰਗਟ ਕਰਨ ਦਾ ਮੌਕਾ ਦੇਣਾ ।

(4) ਬੱਚਿਆਂ ਨੂੰ ਕਵਿਤਾ ਵਿੱਚੋਂ ਕਾਵਿਕ-ਜੁਗਤਾਂ ਲੱਭਣ ਲਈ ਕਹਿਣਾ ।

**140. ਵਿਸ਼ੇ ਅਤੇ ਸਥਿਤੀ ਦੇ ਗਿਆਨ ਦੇ ਅਧਾਰ ’ਤੇ ਵਿਦਿਆਰਥੀ ਇਕ ਪੈਰੇ ਨੂੰ ਸੁਣ ਕੇ ਅਤੇ ਵਾਕਾਂ, ਵਾਕਾਂਸ਼ਾਂ ਅਤੇ ਸ਼ਬਦਾਂ ਜਿਨ੍ਹਾਂ ਨਾਲ ਉਸਦਾ ਸੰਦੇਸ਼ ਬਣਿਆਂ ਦਾ ਵਿਸ਼ੇਸ਼ ਅਰਥ ਕੱਢ ਲੈਂਦੇ ਹਨ । ਸੁਣੇ ਗਏ ਸੰਦੇਸ਼ ਦੀ ਵਿਆਖਿਆ ਦਾ ਇਹ ਢੰਗ ਕਿਹੜਾ ਹੈ ?**

(1) ਬੌਟਮ ਅੱਪ ਉਪ-ਕੌਸ਼ਲ

(2) ਟੌਪ-ਡਾਊਨ ਉਪ-ਕੌਸ਼ਲ

(3) ਸਮੁੱਚੀ ਭਾਸ਼ਾ ਦੀ ਪਹੁੰਚ

(4) ਸੰਗਠਿਤ ਪਹੁੰਚ

**141. ਹੇਠ ਲਿਖਿਆਂ ਵਿਚੋਂ ਕਿਹੜਾ ਢੰਗ ਸਿੱਖਿਆਰਥੀਆਂ ਨੂੰ ਉਨ੍ਹਾਂ ਦੀ ਭਾਸ਼ਾ ਨੂੰ ਵਿਕਸਿਤ ਕਰਨ ਨੂੰ ਉਤਸ਼ਾਹਿਤ ਕਰਨ ਲਈ ਫ਼ੀਡਬੈਕ ਦੇਣ ਵਾਸਤੇ ਸਭ ਤੋਂ ਵੱਧ ਅਸਰਦਾਰ ਹੈ ?**

(1) ਇਕ ਅਧਿਆਪਕ ਨੂੰ ਵਿਦਿਆਰਥੀਆਂ ਦੀਆਂ ਗਲਤੀਆਂ ਵੱਲ ਫ਼ੌਰੀ ਤੌਰ ’ਤੇ ਧਿਆਨ ਦੁਆਉਣਾ ਚਾਹੀਦਾ ਹੈ ।

(2) ਅਧਿਆਪਕ ਨੂੰ ਸਿਰਫ਼ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਫ਼ੀਡਬੈਕ ਦੇਣੀ ਚਾਹੀਦੀ ਹੈ, ਜਿਨ੍ਹਾਂ ਦੀ ਭਾਸ਼ਾ ਦੀ ਵਰਤੋਂ ਬਹੁਤ ਜ਼ਿਆਦਾ ਸੰਦੇਹਜਨਕ ਹੈ ।

(3) ਅਧਿਆਪਕ ਨੂੰ ਗ਼ਲਤੀਆਂ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਮਾਤਾ-ਭਾਸ਼ਾ ਦੀ ਦਖ਼ਲ ਅੰਦਾਜ਼ੀ ਕਾਰਨ ਹੋਈਆਂ ਗ਼ਲਤੀਆਂ ਨੂੰ ਅਖੋਂ-ਪਰੋਖੇ ਕਰਕੇ ਗ਼ਲਤੀਆਂ ਦਰੁੱਸਤ ਕਰਨ ਦੀ ਇਕ ਯੋਜਨਾ ਬਣਾਉਣ ਦਾ ਫ਼ੈਸਲਾ ਕਰਨਾ ਚਾਹੀਦਾ ਹੈ ।

(4) ਅਧਿਆਪਕ ਨੂੰ ਇਹ ਸੋਚਦਿਆਂ ਕਿ ਵਿਦਿਆਰਥੀਆਂ ਨੂੰ ਜਮਾਤ ਵਿਚ ਉਨ੍ਹਾਂ ਦੀਆਂ ਗ਼ਲਤੀਆਂ ਕੱਢਣੀਆਂ ਪਸੰਦ ਨਹੀਂ ਹੋਣ ਗੀਆਂ ।

142. **ਪਾਠ-ਪੁਸਤਕ ਤੋਂ ਪਾਰ ਜਾਣ ਦਾ ਅਰਥ ਹੈ –**
(1) ਪਾਠ-ਪੁਸਤਕ ਦ ਪੱਧਰ ਤੋਂ ਥੋੜ੍ਹਾ ਜਿਹਾ ਉੱਚਾ ਉੱਠ ਕੇ ਪੜ੍ਹਾਉਣਾ ।
(2) ਪਾਠ-ਪੁਸਤਕ ਤੋਂ ਇਲਾਵਾ ਵਾਧੂ ਸਰੋਤ ਦੇਣੇ ।
(3) ਪਾਠ-ਪੁਸਤਕ ਨੂੰ ਖ਼ਤਮ ਕਰਨਾ ਜ਼ਰੂਰੀ ਨਹੀਂ ।
(4) ਵਿਦਿਆਰਥੀਆਂ ਦੇ ਬੌਧਿਕ ਪੱਧਰ ਤੋਂ ਵੱਧ ਪਾਠ-ਪੁਸਤਕ ਦੀ ਕਠਿਨਾਈ ਦਾ ਪੱਧਰ ਹੋਣਾ ।

143. **ਭਾਸ਼ਾ ਵਿਚ ਇਕ ਪਾਠ ਪੜ੍ਹਾਉਂਦਿਆਂ ਇਕ ਅਧਿਆਪਨ ਵਿਗਿਆਨ ਤੇ ਸਮਾਜ-ਵਿਗਿਆਨ ਵਿਚ ਅਧਿਆਇਆਂ ਦੀ ਵੀ ਵਰਤੋਂ ਕਰਦਾਹੈ । ਉਹ ਵਿਦਿਆਰਥੀਆਂ ਨੂੰ ਮਜ਼ਮੂਨ ਪੜ੍ਹਨ ਲਈ ਆਖਦਾ ਹੈ ਕਿਉਂਕਿ ਇਹ ਭਾਸ਼ਾ ਦੇ ਅਧਿਆਏ ਨਾਲ ਸੰਬੰਧਤ ਹੈ, ਅਜਿਹੀ ਪਹੁੰਚ ਨੂੰ ਕੀ ਕਿਹਾ ਜਾਵੇਗਾ ।**
(1) ਅੰਤਰ – ਅਨੁਸ਼ਾਸਨੀ
(2) ਪਾਠਕ੍ਰਮ ਤੋਂ ਪਾਰ ਦੀ ਭਾਸ਼ਾ
(3) ਅਨੇਕਵਾਦੀ ਭਾਸ਼ਾ ਅਧਿਆਪਨ
(4) ਵਿਸ਼ਾ-ਭਾਸ਼ਾ ਅਧਿਆਪਨ

144. **ਸਿਖਿਆਰਥੀਆਂ ਨੂੰ ਕਿਸ ਦੇ ਯੋਗ ਬਣਾਉਣ ਲਈ ਬੋਲ-ਕੌਸ਼ਲ ਦੀ ਬਿਹਤਰੀਨ ਉਨਤੀ ਹੋ ਸਕਦੀ ਹੈ ?**
(1) ਚੁਨੌਤੀ ਭਰਪੂਰ ਅਤੇ ਜਟਿਲ ਪਾਠ ਨੂੰ ਪੜ੍ਹਨ ਦੇ
(2) ਅਧਿਆਪਕ ਵੱਲੋ ਦਿੱਤੇ ਗਏ ਉਚਾਰਣ ਮਾਡਲ ਨੂੰ ਸੁਣਨ ਦੇ
(3) ਅਸਲ ਜ਼ਿੰਦਗੀ ਦੀਆਂ ਸਥਿਤੀਆਂ ਨੂੰ ਸੰਚਾਰਿਤ ਕਰਨ ਦੇ
(4) ਬੋਲਣ ਸਮੇਂ ਸਾਰੀਆਂ ਗਲਤੀਆਂ ਤੋਂ ਬਚਣ ਦੇ

145. **ਵਿਆਕਰਨ ਦੀ ਸਿੱਖਿਆਂ ਸਿਖਿਆਰਥੀਆਂ ਨੂੰ ਕਿਸ ਨੂੰ ਬਿਹਤਰ ਬਣਾਉਣ ਵਿਚ ਮਦਦ ਕਰਦੀ ਹੈ ?**
(1) ਸਾਖ਼ਰਤਾ
(2) ਸ਼ੁੱਧਤਾ
(3) ਰਵਾਨੀ
(4) ਸ਼ਬਦ-ਭੰਡਾਰ

146. **ਭਾਸ਼ਾ ਦਾ ਇਕ ਅਧਿਆਪਕ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਆਪਣੇ ਅਗਲੇ ਸਾਥੀ ਨੂੰ ਵਰਖਾ ਦੇ ਦਿਨ ਦਾ ਅਨੁਭਵ ਦੱਸਣ ਲਈ ਕਹਿੰਦਾ ਹੈ । ਇਸ ਅਭਿਆਸ ਨਾਲ ਕੀ ਹੋਵੇਗਾ ?**
(1) ਉਨ੍ਹਾਂ ਦੇ ਦੱਸਣ ਸਮੇਂ ਜਮਾਤ ਵਿਚ ਸ਼ੋਰ-ਸ਼ਰਾਬੀ ਹੋਵੇਗਾ ।
(2) ਉਨ੍ਹਾਂ ਦੇ ਵਿਚਾਰਾਂ ਦਾ ਜ਼ੁਬਾਨੀ ਪ੍ਰਗਟਾਵਾ ਉੱਨਤ ਹੋਵੇਗਾ ।
(3) ਜਮਾਤ ਵਿਚਲਾ ਅਨੁਸ਼ਾਸਨ ਭੰਗ ਹੋਵੇਗਾ ।
(4) ਪਾਠ-ਪੁਸਤਕ ਦੀ ਪੜ੍ਹਤ ਵਾਲੀ ਬੋਰੀਅਤ ਖ਼ਤਮ ਹੋਵੇਗੀ ।

147. ਲਿਖਤ ਦੀ ਅਸਲੀ ਪਹੁੰਚ ਵਿਚ ਸ਼ਾਮਲ ਹੁੰਦਾ ਹੈ ——

a. ਸੰਪਾਦਨ

b. ਬ੍ਰੇਨਸਟੋਰਮਿੰਗ

c. ਦੁਹਰਾਉਣਾ

d. ਡਰਾਫਟਿੰਗ

(1) a, b, c, d

(2) b, c, a, d

(3) a, d, c, b

(4) b, d, c, a

148. ਭਾਸ਼ਾ ਦਾ ਇਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਆਪਣੇ ਪੋਰਟਫੋਲੀਓ ਵਿਚ ਪੰਜ ਬਿਹਤਰੀਣ ਚੀਜ਼ਾਂ ਰੱਖ ਕੇ ਬਾਕੀ ਦੀਆਂ ਹਟਾਉਣ ਲਈ ਆਖਦਾ ਹੈ । ਇਸ ਉਪਰੰਤ ਉਹ ਉਨ੍ਹਾਂ ਨੂੰ ਆਪਣੀ ਪੰਜ ਚੀਜ਼ਾਂ ਦੀ ਚੋਣ ਨੂੰ ਸਪਸ਼ਟ ਕਰਨ ਲਈ ਆਖਦਾ ਹੈ । ਇਸ ਸਪਸ਼ਟੀਕਰਨ ਨੂੰ ਕੀ ਕਿਹਾ ਜਾਵੇਗਾ ?

(1) ਸਹਿਪਾਠੀ – ਮੁਲਾਂਕਣ

(2) ਸਵੈ – ਮੁਲਾਂਕਣ

(3) ਅਧਿਆਪਕ ਦਾ ਮੁਲਾਂਕਣ

(4) ਸੰਕਲਨ ਦਾ ਮੁਲਾਂਕਣ

149. ਹੇਠ ਲਿਖਿਆਂ ਵਿਚੋਂ ਕਿਹੜਾ ਸਰੋਤ ਪ੍ਰਾਇਮਰੀ ਪੱਧਰ 'ਤੇ ਭਾਸ਼ਾ ਸਿੱਖਣ ਲਈ ਸਭ ਤੋਂ ਵੱਧ ਮਹੱਤਵ ਪੂਰਨ ਹੈ ?

(1) ਬਾਲ-ਸਾਹਿਤ

(2) ਅਖ਼ਬਾਰ

(3) ਕੰਪਿਊਟਰ

(4) ਰੈਲੀਆ

150. ਹੇਠ ਲਿਖਿਆਂ ਵਿਚੋਂ ਕਿਹੜਾ ਅਭਿਆਸ ਵਿਦਿਆਰਥੀਆਂ ਵਿਚ ਜ਼ੁਬਾਨੀ ਕੌਸ਼ਲਾਂ ਨੂੰ ਵਧਾਉਣ ਵਿਚ ਸਭ ਤੋਂ ਘੱਟ ਮਹੱਤਵਪੂਰਨ ਹੈ ।

(1) ਇਕ ਵਸਤੂ ਦਾ ਵਰਣਨ

(2) ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਕਹਾਣੀ ਸੁਣਾਉਣੀ

(3) ਅਧਿਆਪਕ ਦੇ ਪਿੱਛੇ-ਪਿੱਛੇ ਕਹਾਣੀ ਦੁਹਰਾਉਣੀ

(4) ਇਕ ਘਟਨਾ ਦਾ ਵਰਣਨ

**SPACE FOR ROUGH WORK**

**ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ** :

1. ਵੱਖੋ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸੱਟ ਬੁਕਲਿਟ ਵਿਚ ਵਿਸਤਾਰਪੂਰਵਕ ਦਿੱਤੇ ਗਏ ਹਨ । ਅਮਲੀ ਰੂਪ ਵਿਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ । ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ । ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ-ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜ਼ਰੀ-ਪੱਤਰ ਵਿੱਚ ਲਿਖਣ ।
6. ਮਸ਼ੀਨ OMR ਸ਼ੀਟ ਵਿਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ । ਇਸ ਲਈ ਕੋਈ ਵੀ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ । ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ (ਇਥੋਂ ਤਕ ਕਿ ਬੰਦ ਹਾਲਤ ਵਿਚ ਵੀ) ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ । ਇਸ ਨਿਰਦੇਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਇਸ ਨੂੰ ਇਮਿਤਿਹਾਨ ਵਿਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆਂ ਜਾਵੇਗਾ ਤੇ ਪ੍ਰੀਖਿਆ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ।
9. ਨਿਰੀਖਿਅਕ ਦੀ ਮੰਗ ’ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ ।
10. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ ।
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ ਦਾ ਇਸਤੇਮਾਲ ਵਰਜਿਤ ਹੈ ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ ।
15. **ਪਰੀਖਿਆ ਖ਼ਤਮ ਹੋਣ ’ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ । ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ ।**

**निम्नलिखित निर्देशों को ध्यान से पढ़ें :**

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें ।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **काले/नीले बॉल पॉइन्ट पेन** से भरें । एक बार उत्तर अंकित करने के बाद उसे बदला नहीं जा सकता है ।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें ।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
5. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
6. OMR उत्तर पत्र में कोडित जानकारी को एक मशीन पढ़ेगी । इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए ।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
8. मोबाइल फोन, बेतार संचार युक्तियाँ (स्वीच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए । इस सूचना का पालन न होने पर इसे परीक्षा में अनुचित साधनों का प्रयोग माना जाएगा और उनके विरुद्ध कार्यवाही की जाएगी, परीक्षा रद्द करने सहित ।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
11. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा । **परीक्षार्थी अपने बाएँ हाथ के अंगूठे का निशान हाज़िरी-पत्र में दिए गए स्थान पर अवश्य लगाएँ ।**
12. इलेक्ट्रॉनिक / हस्तचालित परिकलक का उपयोग वर्जित है ।
13. परीक्षा हॉल/कक्ष में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फैसला बोर्ड के नियमों एवं विनियमों के अनुसार होगा ।
14. किसी हालत में परीक्षा पुस्तिका और उत्तर पत्र का कोई भाग अलग न करें ।
15. **परीक्षा सम्पन्न होने पर, परीक्षार्थी हॉल / कक्ष छोड़ने से पूर्व उत्तर पत्र कक्ष-निरीक्षक को अवश्य सौंप दें । परीक्षार्थी अपने साथ इस परीक्षा पुस्तिका को ले जा सकते हैं ।**

**READ THE FOLLOWING INSTRUCTIONS CAREFULLY:**

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Black/Blue Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet / Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/ room.
8. Mobile phones, wireless communication devices (even in switched off mode) and the other banned items should not be brought in the examination halls/ rooms. Failing to comply with this instruction, it will be considered as using unfair means in the examination and action will be taken against them including cancellation of examination.
9. Each candidate must show on demand his / her Admit Card to the Invigilator.
10. No candidate, without special permission of the Centre Superintendent or Invigilator, should leave his / her seat.
11. The candidates should not leave the Examination Hall/ Room without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic / Manual Calculator is prohibited.
13. The candidates are governed by all Rules and Regulations of the Board with regard to their conduct in the Examination Hall/Room. All cases of unfair means will be dealt with as per Rules and Regulations of the Board.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***